# ਬਜ਼ੁਰਗ ਮਾਤਾ/ਪਿਤਾ ਤੱਥਾ ਦਾ ਕਥਨ

(SAWS 2 ਦਾ ਪੂਰਕ)

| ਕੇਸ ਦਾ ਨਾਂ |
|---|
| ਕੇਸ ਨੰਬਰ |

ਨਿਯਮਾਂ ਦੇ ਮੁਤਾਬਕ ਜਦੋਂ ਕੋਈ ਨਾਬਾਲਗ ਮਾਤਾ/ਪਿਤਾ (18 ਸਾਲ ਦੀ ਉਮਰ ਤਕ) ਨਕਦ ਸਹਾਇਤਾ ਲਈ ਅਰਜ਼ੀ ਦਿੰਦੀ/ਦਿੰਦਾ ਹੈ, ਤਾਂ ਸਾਨੂੰ ਉਸੇ ਘਰ 'ਚ ਰਹਿਣ ਵਾਲੇ ਬਜ਼ੁਰਗ ਮਾਤਾ/ਪਿਤਾ ਦੀ ਆਮਦਨੀ ਗਿਣਨੀ ਪਵੇਗੀ। ਅਸੀਂ ਹਿਸਾਬ ਲਗਾਵਾਂਗੇ ਕਿ ਇਸ ਆਮਦਨੀ 'ਚੋਂ ਕਿੰਨੀ ਰਕਮ ਗਿਣੀ ਜਾਵੇਗੀ।

**ਹਿਦਾਇਤਾਂ:**

- ਇਹ ਫ਼ਾਰਮ ਭਰੋ ਅਤੇ ਇਸਨੂੰ ਆਪਣੇ SAWS 2 ਨਾਲ ਵਾਪਸ ਭੇਜ ਦਿਓ। ਤੁਹਾਡੇ ਨਾਲ ਰਹਿਣ ਵਾਲੀ/ਵਾਲੇ ਮਾਤਾ/ਪਿਤਾ ਬਾਰੇ ਸਾਰੇ ਸਵਾਲਾਂ ਦੇ ਜਵਾਬ ਦਿਓ।
- ਜੇਕਰ ਸਾਨੂੰ ਮੁਕੰਮਲ ਫ਼ਾਰਮ ਨਹੀਂ ਮਿਲਦਾ, ਤਾਂ ਤੁਹਾਡੀ ਨਕਦ ਸਹਾਇਤਾ ਅਤੇ ਨਕਦ-ਅਧਾਰਤ Medi-Cal (ਕੈਲੀਫ਼ੋਰਨੀਆ 'ਚ ਡਾਕਟਰੀ ਸਹਾਇਤਾ ਕਾਰਜਕ੍ਰਮ) **ਬਦਲੀ ਜਾਂ ਬੰਦ ਕੀਤੀ** ਜਾ ਸਕਦੀ ਹੈ।
- ਜੇਕਰ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਮੁਲਾਜ਼ਮ ਨੂੰ ਪੁੱਛੋ ਜਾਂ ਕਾਉਂਟੀ ਨੂੰ ਕਾਲ ਕਰੋ।

1. ਕੀ ਤੁਹਾਡੀ/ਤੁਹਾਡੇ ਮਾਤਾ/ਪਿਤਾ ਨੂੰ ਆਮਦਨੀ, ਰਕਮ, ਜਾਂ ਫ਼ਾਇਦੇ ਮਿਲਦੇ ਹਨ, ਜਿਵੇਂ: ☐ **ਹਾਂ** ☐ **ਨਹੀਂ**
ਕਮਾਈ: ਸਮਾਜਕ ਸੁਰੱਖਿਆ ਵਾਂਗ ਸਰਕਾਰੀ ਫ਼ਾਇਦੇ, ਬੇਰਜ਼ਗਾਰੀ/ਅਸਮਰੱਥਾ ਸਬੰਧੀ ਫ਼ਾਇਦੇ (UIB/DIB), Supplemental Security Income/State Supplementary Payment (ਪੂਰਕ ਸੁਰੱਖਿਆ ਆਮਦਨੀ/ਸਟੇਟ ਪੂਰਕ ਭੁਗਤਾਨ) (SSI/SSP), ਕਰਮਚਾਰੀਆਂ ਦਾ ਮੁਆਵਜ਼ਾ; ਰੇਲਰੋਡ ਸੇਵਾਨਿਵਿਰਤੀ, ਤਜਰਬੇਕਾਰਾਂ ਦੀ ਜਾਂ ਦੂਜੀ ਨਿੱਜੀ ਜਾਂ ਸਰਕਾਰੀ ਅਸਮਰੱਥਾ ਸਬੰਧੀ ਸੇਵਾਨਿਵਿਰਤੀ; ਸਟੌਕਸ, ਬੌਂਡਸ, ਬਚਤ ਖਾਤਿਆਂ ਤੋਂ ਵਿਆਜ ਜਾਂ ਡਿਵਿਡੈਂਡ; In-Home Supportive Services (ਨੇਤਰਹੀਨਾਂ ਜਾਂ ਬਜ਼ੁਰਗਾਂ ਲਈ ਸੇਵਾ) (IHSS); ਬਾਲ/ਜੀਵਨ-ਸਾਥੀ ਸਹਾਇਤਾ; ਸਿਖਲਾਈ ਸਬੰਧੀ ਭੁਗਤਾਨ; ਹੜਤਾਲ ਸਬੰਧੀ ਫ਼ਾਇਦੇ; ਨਕਦੀ, ਤੋਹਫੇ, ਕਰਜ਼, ਅਨੁਦਾਨ, ਵਜ਼ੀਫ਼ੇ; ਟੈਕਸ ਵਾਪਸੀਆਂ; Earned Income Tax Credit (ਕਮਾਏ ਗਏ ਇਨਕਮ ਟੈਕਸ ਕ੍ਰੇਡਿਟ) (EITC); ਜੂਏ/ਲਾਟਰੀ 'ਚ ਜਿੱਤੀ ਰਕਮ; ਕਿਰਾਏ ਤੋਂ ਆਮਦਨੀ, ਕਿਰਾਇਆ ਸਹਾਇਤਾ; ਮੁਫ਼ਤ ਰਿਹਾਇਸ਼/ਮਦਦਗਾਰ ਸੇਵਾਵਾਂ/ਕਪੜੇ ਜਾਂ ਭੋਜਨ; ਬੀਮਾ ਜਾਂ ਕਨੂੰਨੀ ਨਿਪਟਾਰਾ; ਵਗੈਰਾ?

| ਨਾਂ | ਸਰੋਤ | ਪ੍ਰਾਪਤ ਰਾਸ਼ੀ | ਕਿੰਨੀ ਵਾਰ |
|---|---|---|---|
| | | $ | |
| | | $ | |

2. ਕੀ ਅਗਲੇ ਛੇ ਮਹੀਨਿਆਂ 'ਚ ਇਸ ਆਮਦਨੀ 'ਚ ਕੋਈ ਬਦਲਾਵ ਹੋਣਗੇ? ☐ **ਹਾਂ** ☐ **ਨਹੀਂ**
ਜੇਕਰ "ਹਾਂ", ਤਾਂ ਹੇਠਾਂ ਲਿੱਖੋ ਕਿ ਕਿਸ ਬਦਲਾਵ ਦੀ ਉਮੀਦ ਹੈ। ਤੁਹਾਡੇ ਕੋਲ ਮੌਜੂਦ ਕੋਈ ਵੀ ਸਬੂਤ ਨੱਥੀ ਕਰੋ ਜਿਵੇਂ: ਮਾਲਕ ਤੋਂ ਇਕ ਪੱਤਰ, ਫ਼ਾਇਦਾ ਸਪੁਰਦਗੀ ਪੱਤਰ, ਵਗੈਰਾ।

| ਕਿਸਦੀ ਆਮਦਨੀ 'ਚ ਬਦਲਾਵ ਹੋਵੇਗਾ? | ਕਿਹੜੀ ਆਮਦਨੀ 'ਚ ਬਦਲਾਵ ਹੋਵੇਗਾ? | ਉਸ 'ਚ ਬਦਲਾਵ ਕਿੰਝ ਅਤੇ ਕਦੋਂ ਹੋਵੇਗਾ? |
|---|---|---|
| | | |

3. ਕੀ ਤੁਹਾਡੀ/ਤੁਹਾਡੇ ਮਾਤਾ/ਪਿਤਾ ਘਰ 'ਚ ਰਹਿਣ ਵਾਲੇ ਹੋਰ ਵਿਅਕਤੀਆਂ ਦੀ ਸਹਾਇਤਾ ਕਰਦੀ/ਕਰਦੇ ਹਨ ਅਤੇ ਸੰਘੀ ਟੈਕਸ ਆਸਰਤਾਂ ਦੇ ਰੂਪ 'ਚ ਉਨ੍ਹਾਂ ਵਿਅਕਤੀਆਂ ਲਈ ਦਾਅਵਾ ਕਰਦੀ/ਕਰਦੇ ਹਨ? ਜੇਕਰ "ਹਾਂ", ਤਾਂ ਵਿਅਕਤੀ(ਆਂ) ਦਾ(ਦੇ) ਨਾਂ ਅਤੇ ਸਬੰਧ ਲਿਖੋ। ☐ **ਹਾਂ** ☐ **ਨਹੀਂ**

| ਨਾਂ | ਸਬੰਧ | ਨਾਂ | ਸਬੰਧ |
|---|---|---|---|
| | | | |
| | | | |

4. ਕੀ ਤੁਹਾਡੀ/ਤੁਹਾਡੇ ਮਾਤਾ/ਪਿਤਾ ਘਰ 'ਚ ਨਾ ਰਹਿਣ ਵਾਲੇ ਕਿਸੇ ਵਿਅਕਤੀ ਦੀ ਸਹਾਇਤਾ ਕਰਦੀ/ਕਰਦੇ ਹਨ ਅਤੇ ਸੰਘੀ ਟੈਕਸ ਆਸਰਤ ਦੇ ਰੂਪ 'ਚ ਉਸ ਵਿਅਕਤੀ ਲਈ ਦਾਅਵਾ ਕਰਦੀ/ਕਰਦੇ ਜਾਂ ਕਰ ਸਕਦੀ/ਸਕਦੇ ਹਨ? ਜੇਕਰ "ਹਾਂ", ਤਾਂ ਵਿਅਕਤੀ (ਵਿਅਕਤੀਆਂ) ਦਾ ਨਾਂ, ਭੁਗਤਾਨ ਕੀਤੀ ਗਈ ਰਕਮ ਅਤੇ ਸਬੂਤ ਨੱਥੀ ਕਰੋ। ☐ **ਹਾਂ** ☐ **ਨਹੀਂ**

| ਨਾਂ | ਭੁਗਤਾਨ ਕੀਤੀ ਗਈ ਰਕਮ | ਨਾਂ | ਭੁਗਤਾਨ ਕੀਤੀ ਗਈ ਰਕਮ |
|---|---|---|---|
| | $ | | $ |

## ਪ੍ਰਮਾਣੀਕਰਣ

- ਮੈਂ ਸਮਝਦਾ/ਸਮਝਦੀ ਹਾਂ ਕਿ ਜੇਕਰ ਮੈਂ ਇਰਾਦਤਨ ਸਾਰੇ ਤੱਥ ਨਹੀਂ ਦਿੰਦਾ/ਦਿੰਦੀ, ਜਾਂ ਸਹਾਇਤਾ ਪ੍ਰਾਪਤ ਕਰਨ ਲਈ ਗਲਤ ਜਾਣਕਾਰੀ ਦਿੰਦਾ/ਦਿੰਦੀ ਹਾਂ, ਤਾਂ ਮੇਰੇ ਉੱਤੇ ਕਨੂੰਨੀ ਤੌਰ 'ਤੇ ਮਕੱਦਮਾ ਚਲਾਇਆ ਜਾ ਸਕਦਾ ਹੈ। ਜੇਕਰ ਮੈਨੂੰ ਸਹਾਇਤਾ 'ਚ $950 ਤੋਂ ਜ਼ਿਆਦਾ ਰਕਮ ਮਿਲਦੀ ਹੈ, ਜੋ ਮੈਨੂੰ ਨਹੀਂ ਮਿਲਣੀ ਚਾਹੀਦੀ ਤਾਂ ਮੇਰੇ ਉੱਤੇ ਸੰਗੀਨ ਜੁਰਮ ਦਾ ਇਲਜ਼ਾਮ ਲਗਾਇਆ ਜਾ ਸਕਦਾ ਹੈ। ਅਤੇ ਕੁਝ ਸਮੇਂ ਲਈ ਮੇਰੀ ਨਕਦ ਸਹਾਇਤਾ ਬੰਦ ਕੀਤੀ ਜਾ ਸਕਦੀ ਹੈ। ਮੈਨੂੰ $10,000 ਤਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ/ਜਾਂ 3 ਸਾਲਾਂ ਤਕ ਲਈ ਜੇਲ੍ਹ ਜਾਂ ਕੈਦਖ਼ਾਨੇ 'ਚ ਭੇਜਿਆ ਜਾ ਸਕਦਾ ਹੈ।
- ਮੈਂ ਸਮਝਦਾ/ਸਮਝਦੀ ਹਾਂ ਕਿ ਜਾਣਕਾਰੀ ਜਾਂ ਸਹੀ ਤੱਥ ਦੇਣ 'ਚ ਨਾਕਾਮਯਾਬ ਰਹਿਣ ਦੇ ਨਤੀਜੇ ਵਜੋਂ ਜੁਰਮਾਨਾ, ਕੈਦ ਜਾਂ ਦੋਵੇਂ ਨਾਲ ਕਨੂੰਨੀ ਤੌਰ 'ਤੇ ਮਕੱਦਮਾ ਚਲਾਇਆ ਜਾ ਸਕਦਾ ਹੈ।
- ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਅਚਾਨਕ ਹੋਏ ਅਜਿਹੇ ਕਿਸੇ ਵੀ ਬਦਲਾਵ, ਜੋ ਨਕਦ ਸਹਾਇਤਾ ਲਈ ਮੇਰੀ ਯੋਗਤਾ ਜਾਂ ਮੇਰੀ ਨਕਦ ਸਹਾਇਤਾ ਦੀ ਰਕਮ 'ਤੇ ਅਸਰ ਕਰ ਸਕਦਾ ਹੈ, ਬਾਰੇ ਜਾਣਕਾਰੀ ਦੇਣ ਲਈ, ਬਦਲਾਵ ਤੋਂ 5 ਦਿਨਾਂ ਦੇ ਅੰਦਰ, ਆਪਣੇ ਮੁਲਾਜ਼ਮ ਨੂੰ ਕਾਲ ਕਰਨਾ ਪਵੇਗਾ। ਜੇਕਰ ਮੈਂ ਕਿਸੇ ਵੀ ਬਦਲਾਵ ਦੀ ਜਾਣਕਾਰੀ ਦੇਣ ਬਾਰੇ ਯਕੀਨੀ ਨਹੀਂ ਹਾਂ, ਤਾਂ ਮੈਨੂੰ ਆਪਣੇ ਮੁਲਾਜ਼ਮ ਨਾਲ ਸੰਪਰਕ ਕਰਨਾ ਪਵੇਗਾ।
- ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ ਦੁਆਰਾ ਦਿੱਤੇ ਗਏ ਤੱਥਾਂ ਕਰਕੇ ਮੇਰੇ ਫ਼ਾਇਦਿਆਂ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਉਹ ਘਟਾਏ ਜਾਂ ਬੰਦ ਕੀਤੇ ਜਾ ਸਕਦੇ ਹਨ।
- ਮੈਂ ਸਮਝਦਾ/ਸਮਝਦੀ ਹਾਂ ਕਿ ਮੈਨੂੰ ਕਾਉਂਟੀ ਭਲਾਈ ਮਹਿਕਮੇ ਵੱਲੋਂ ਕਿਸੇ ਵੀ ਪ੍ਰਸਤਾਵਤ ਕਾਰਵਾਈ ਲਈ ਸਟੇਟ ਵੱਲੋਂ ਸੁਣਵਾਈ ਲਈ ਬੇਨਤੀ ਕਰਨ ਦਾ ਹੱਕ ਹੈ। ਮੈਂ ਯੂਨਾਇਟੇਡ ਸਟੇਟਸ ਅਤੇ ਸਟੇਟ ਆੱਫ਼ ਕੈਲੀਫ਼ੋਰਨੀਆ ਦੇ ਕਨੂੰਨਾਂ ਹੇਠ ਝੂਠੀ ਗਵਾਹੀ ਦੇਣ ਲਈ ਸਜ਼ਾ ਦੇ ਬੰਦੋਬਸਤ ਹੇਠ ਘੋਸ਼ਣਾ ਕਰਦਾ/ਕਰਦੀ ਹਾਂ ਕਿ ਇਸ ਰਿਪੋਰਟ 'ਚ ਮੌਜੂਦ ਤੱਥ ਸੱਚ, ਸਹੀ, ਅਤੇ ਸੰਪੂਰਨ ਹੈ।

**ਤੁਹਾਨੂੰ ਇਸ ਰਿਪੋਰਟ 'ਤੇ ਦਸਤਖ਼ਤ ਕਰ ਕੇ ਮਿਤੀ ਪਾਉਣੀ ਪਵੇਗੀ ਜਾਂ ਇਹ ਨਾਮੁਕੰਮਲ ਰਹੇਗੀ**

| ਨਕਦ ਸਹਾਇਤਾ ਪ੍ਰਾਪਤ ਨਾਬਾਲਗ ਮਾਤਾ/ਪਿਤਾ ਦੇ ਦਸਤਖ਼ਤ | ਦਸਤਖ਼ਤ ਦੀ ਤਾਰੀਖ਼ |
|---|---|
| | |

ਸਿਰਫ਼ ਕਾਉਂਟੀ ਦੁਆਰਾ ਵਰਤੇ ਜਾਣ ਲਈ